# ਕੋਰੋਨਾਵਾਇਰਸ ਇਸ ਨਾਲ ਕਿ ਚੱਲ ਰਿਹਾ ਹੈ?

ਕੋਰੋਨਾਵਾਇਰਸ ਇੱਕ ਕੀਟਾਣੂ ਹੈ। ਇਹ ਇੰਨਾ ਛੋਟਾ ਹੈ ਕਿ ਅਸੀਂ ਇਸਨੂੰ ਵੇਖ ਵੀ ਨਹੀਂ ਸਕਦੇ।




ਜਦੋਂ ਬੱਚਿਆਂ ਨੂੰ ਇਹ ਵਾਇਰਸ ਹੁੰਦਾ ਹੈ ਤਾਂ ਬਹੁਤੀ ਵਾਰ ਇਹ ਕੋਈ ਵੱਡੀ ਗੱਲ ਨਹੀਂ ਹੁੰਦੀ; ਪਰ ਜਵਾਨ ਅਤੇ ਖ਼ਾਸਕਰ ਬਜ਼ੁਰਗ ਸੱਚਮੁੱਚ ਬਿਮਾਰ ਹੋ ਸਕਦੇ ਹਨ।



ਕੋਰੋਨਾਵਾਇਰਸ ਇੱਕ ਇਨਸਾਨ ਤੋਂ ਦੂਜੇ ਇਨਸਾਨ ਤੱਕ, ਛੂਹਣ ਜਾਂ ਨਜ਼ਦੀਕ ਆਉਣ ਨਾਲ ਫੈਲਦਾ ਹੈ। ਇਹ ਬਹੁਤ ਲੋਕਾਂ ਤੱਕ ਬਹੁਤ ਤੇਜੀ ਨਾਲ ਫੈਲ ਸਕਦਾ ਹੈ।




ਵਾਇਰਸ ਦੇ ਪ੍ਰਭਾਵ ਨੂੰ ਹੌਲੀ ਕਰਨ ਲਈ ਅਤੇ ਬਹੁਤ ਸਾਰੇ ਲੋਕਾਂ ਨੂੰ ਬਿਮਾਰ ਹੋਣ ਤੋਂ ਬਚਾਉਣ ਲਈ, ਸਕੂਲ ਬੰਦ ਹੋ ਚੁੱਕੇ ਹਨ ਅਤੇ ਲੋਕਾਂ ਨੂੰ ਕਿਹਾ ਗਿਆ ਹੈ ਕਿ ਜਿੰਨਾ ਜ਼ਿਆਦਾ ਹੋ ਸਕਦਾ - ਘਰੇ ਰਹੋ।



ਜੋ ਪਹਿਲਾਂ ਤੋਂ ਬਿਮਾਰ ਹਨ, ਓਹਨਾਂ ਨੂੰ ਘਰੇ ਇਕੱਲੇ ਰਹਿਣ ਲਈ ਕਿਹਾ ਗਿਆ ਹੈ ਤਾਂ ਜੋ ਵਾਇਰਸ ਨਵੇਂ ਲੋਕਾਂ ਤੱਕ ਨਾ ਫੈਲੇ।




ਇਨਸਾਨ ਲਈ ਵੱਖੋ-ਵੱਖ ਰਹਿਣਾ ਮੁਸ਼ਕਿਲ ਹੈ ਪਰ ਵਾਇਰਸ ਲਈ ਇਹ ਹੋਰ ਵੀ ਸਖ਼ਤ ਹੈ।




ਜਦੋਂ ਅਸੀਂ ਵਾਇਰਸ ਦੇ ਫੈਲਾਓ ਨੂੰ ਹੌਲੀ ਕਰਦੇ ਹਾਂ, ਅਸੀਂ ਵਿਗਿਆਨਕਾਂ ਅਤੇ ਹਸਪਤਾਲਾਂ ਨੂੰ ਇਲਾਜ ਲੱਭਣ ਅਤੇ ਬਿਮਾਰ ਲੋਕਾਂ ਦੀ ਦੇਖਭਾਲ ਲਈ ਵਧੇਰੇ ਸਮਾਂ ਦੇ ਦਿੰਦੇ ਹਾਂ।



ਭਾਵੇਂ ਅਸੀਂ ਬਿਮਾਰੀ ਨਹੀਂ ਮਹਿਸੂਸ ਕਰਦੇ: ਫਿਰ ਵੀ ਅਸੀਂ ਆਪਣੇ ਹੱਥ ਧੋ ਕੇ, ਆਪਣੀ ਕੂਹਣੀ ਜੋੜ ਵਿੱਚ ਖੰਘ ਕੇ ਅਤੇ ਭੀੜ ਵਾਲੀ ਜਗ੍ਹਾ ਤੇ ਨਾ ਜਾ ਕੇ; ਵਾਇਰਸ ਦੇ ਫੈਲਾਓ ਨੂੰ ਹੌਲੀ ਕਰਨ ਵਿੱਚ ਮਦਦ ਕਰ ਸਕਦੇ ਹਾਂ।




ਜੇ ਹਰ ਕੋਈ ਕੋਸ਼ਿਸ਼ ਕਰਦਾ ਹੈ ਤਾਂ, ਅਸੀਂ ਇੱਕ ਦੂਜੇ ਦੀ ਰੱਖਿਆ ਕਰ ਸਕਦੇ ਹਾਂ ਅਤੇ ਬਹੁਤ ਸਾਰੀਆਂ ਜਾਨਾਂ ਬਚਾ ਸਕਦੇ ਹਾਂ।




Traduit avec autorisation par www.CERDA.info

©Elise Gravel